**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ**
**ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ**
**ਫੋਨ ਨੰ: 0172-2624673, ਫੈਕਸ ਨੰ: 2624687 ਈ-ਮੇਲ : dgsepunjab18@gmail.com**


ਵੱਲ

1. ਸਮੂਹ ਮੰਡਲ ਸਿੱਖਿਆ ਅਫਸਰ
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿ
3. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਐ.ਸਿ
   ਪੰਜਾਬ।

ਮੀਮੋ ਨੰ:ਐਸ.ਐਸ.ਏ/ਕੋਆਰਡੀਨੇਸ਼ਨ/2013/003771 - 00378।
ਮਿਤੀ,ਚੰਡੀਗੜ੍ਹ: 19.2.2013

ਵਿਸ਼ਾ: ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਮੈਟ੍ਰਿਕ ਅਤੇ +2 ਸ਼੍ਰੇਣੀ ਦੀਆਂ ਸਲਾਨਾ ਪ੍ਰੀਖਿਆਵਾਂ ਮਾਰਚ 2013 ਵਿੱਚ ਨਕਲ ਨੂੰ ਰੋਕਣ ਲਈ ਕਾਰਗਰ ਕਦਮ ਚੁੱਕਣ ਬਾਰੇ।

ੳ. ਜਿਵੇਂਕਿ ਆਪ ਜੀ ਨੂੰ ਪਤਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਮੈਟ੍ਰਿਕ ਅਤੇ +2 ਸ਼੍ਰੇਣੀਆਂ ਦੀਆਂ ਸਲਾਨਾ ਪ੍ਰੀਖਿਆਵਾਂ ਮਿਤੀ 12.3.2013 ਅਤੇ 1.3.2013 ਤੋਂ ਕ੍ਰਮਵਾਰ ਸ਼ੁਰੂ ਹੋ ਰਹੀਆਂ ਹਨ । ਇਹਨਾਂ ਪ੍ਰੀਖਿਆਵਾਂ ਵਿੱਚ ਨਕਲ ਦੇ ਰੁਝਾਨ ਨੂੰ ਠੱਲ੍ਹ ਪਾਉਣ ਹਿੱਤ ਪੰਜਾਬ ਸਰਕਾਰ ਵੱਲੋਂ ਕਾਰਗਰ ਕਦਮ ਚੁੱਕਣ ਦਾ ਫੈਸਲਾ ਕੀਤਾ ਗਿਆ ਹੈ ।

ਅ. ਉਕਤ ਸਬੰਧੀ ਇਹ ਫੈਸਲਾ ਕੀਤਾ ਗਿਆ ਹੈ ਕਿ ਜ਼ਿਲ੍ਹਿਆਂ ਦੇ ਜ਼ਿਲ੍ਹਾ ਸਿੱਖਿਆ ਅਧਿਕਾਰੀ(ਸੈ.ਸਿ) ਪ੍ਰੀਖਿਆਵਾਂ ਵਿੱਚ ਨਕਲ ਨੂੰ ਰੋਕਣ ਲਈ ਓਵਰਆਲ ਜ਼ਿੰਮੇਵਾਰ ਹੋਣਗੇ। ਜੇਕਰ ਕਿਸੇ ਜ਼ਿਲ੍ਹੇ ਵਿੱਚ ਨਕਲ ਦੀ ਸ਼ਿਕਾਇਤ ਸਾਹਮਣੇ ਆਉਂਦੀ ਹੈ ਤਾਂ ਸਮੂਹ ਸਬੰਧਤਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ੲ. ਨਕਲ ਨੂੰ ਰੋਕਣ ਹਿੱਤ ਹੇਠ ਲਿਖੇ ਕਦਮ ਚੁੱਕੇ ਜਾ ਰਹੇ ਹਨ ਜਾਂ ਚੁੱਕੇ ਜਾਣੇ ਹਨ:-

1. ਇਹਨਾਂ ਪ੍ਰੀਖਿਆਵਾਂ ਵਿੱਚ ਸੈਂਟਰ ਸੁਪਰਡੈਂਟ/ਡਿਪਟੀ ਸੁਪਰਡੈਂਟ/ਸਹਾਇਕ ਸੈਂਟਰ ਸੁਪਰਡੈਂਟ ਅਤੇ ਸੁਪਰਵਾਈਜ਼ਰ ਬੋਰਡ ਵੱਲੋਂ ਲਗਾਏ ਜਾਣੇ ਹਨ ਜੋ ਕਿ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਭੇਜੀ ਲਿਸਟ ਵਿਚੋਂ ਲਗਾਏ ਜਾ ਰਹੇ ਹਨ । ਇਹ ਯਕੀਨੀ ਬਣਾਇਆ ਜਾਣਾ ਜ਼ਰੂਰੀ ਹੈ ਕਿ ਕੋਈ ਵੀ ਅਜਿਹਾ ਵਿਅਕਤੀ ਪ੍ਰੀਖਿਆਵਾਂ ਦੇ ਅਮਲੇ ਲਈ ਨਿਯੁਕਤ ਨਾ ਹੋ ਜਾਵੇ ਜਿਸ ਦਾ ਪੁਰਾਣਾ ਟਰੈਕ ਰਿਕਾਰਡ ਮਾੜਾ ਰਿਹਾ ਹੋਵੇ । ਇਸ ਕੰਮ ਲਈ ਕੇਵਲ ਚੰਗੀ ਅਕਸ ਵਾਲੇ ਅਧਿਆਪਕ ਨੂੰ ਹੀ ਡਿਊਟੀ ਤੇ ਲਗਾਇਆ ਜਾਣਾ ਹੈ।

2. ਸੈਂਟਰ ਸੁਪਰਡੰਟ ਦੀ ਡਿਊਟੀ ਸਬੰਧੀ ਸਮੱਗਰੀ ਮਿਤੀ 24 ਫਰਵਰੀ ਤੱਕ ਸਮੂਹ ਜ਼ਿਲ੍ਹਿਆਂ ਵਿੱਚ ਪਹੁੰਚ ਜਾਵੇਗੀ ਅਤੇ ਇਸ ਸਮੱਗਰੀ ਨੂੰ ਤੁਰੰਤ ਸਮੂਹ ਸੈਂਟਰ ਸੁਪਰਡੰਟ ਨੂੰ ਪਹੁੰਚਾਇਆ ਜਾਣਾ ਯਕੀਨੀ ਬਣਾਇਆ ਜਾਣਾ ਹੈ। ਜਿਸ ਅਧਿਆਪਕ ਦੀ ਬਤੌਰ ਸੈਂਟਰ ਸੁਪਰਡੰਟ ਜਾਂ ਡਿਪਟੀ ਸੁਪਰਡੰਟ ਜਾਂ ਨਿਗਰਾਨ ਜਾਂ ਅਬਜਰਵਰ ਦੇ ਤੌਰ ਤੇ ਡਿਊਟੀ ਲਗਾਈ ਜਾਂਦੀ ਹੈ ਉਸ ਨੂੰ ਕਿਸੇ ਵੀ ਹਾਲਤ ਵਿੱਚ ਇਸ ਡਿਊਟੀ ਤੋਂ ਛੋਟ ਨਹੀਂ ਦਿੱਤੀ ਜਾਵੇਗੀ । ਜੇਕਰ ਕੋਈ ਅਧਿਆਪਕ ਇਸ ਡਿਊਟੀ ਕਰਨ ਤੋਂ ਨਾਂਹ ਨੁੱਕਰ ਕਰਦਾ ਹੈ ਤਾਂ ਉਸ ਬਾਰੇ ਤੁਰੰਤ ਇਸ ਦਫਤਰ ਦੇ ਨੋਟਿਸ ਵਿੱਚ ਲਿਆਂਦਾ ਜਾਵੇ ਤਾਂ ਜੋ ਉਸ ਵਿਰੁੱਧ ਕਾਰਵਾਈ ਕੀਤੀ ਜਾ ਸਕੇ। ਜੇਕਰ ਕੋਈ ਅਜਿਹਾ ਅਧਿਆਪਕ ਬਿਮਾਰ ਹੋ ਜਾਂਦਾ ਹੈ ਤਾਂ ਉਹ ਸਰਕਾਰੀ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ (SMO) ਤੋਂ ਸਰਟੀਫਿਕੇਟ ਲੈ ਕੇ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਪੇਸ਼ ਕਰੇਗਾ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਇਹ ਸਰਟੀਫਿਕੇਟ ਤੁਰੰਤ ਜ਼ਿਲ੍ਹੇ ਦੇ ਸਿਵਲ ਸਰਜਨ ਕੋਲ ਵੇਰੀਫਿਕੇਸ਼ਨ ਲਈ ਭੇਜੇਗਾ ਅਤੇ ਜੇਕਰ ਉਹ ਅਧਿਆਪਕ ਸਿਵਲ ਸਰਜਨ ਵੱਲੋਂ ਸੀ.ਐਮ.ਓ ਦੇ ਸਰਟੀਫਿਕੇਟ ਦੇ ਆਧਾਰ ਤੇ ਸੀਰੀਅਸ ਤੌਰ ਤੇ ਬਿਮਾਰ ਪਾਇਆ ਜਾਂਦਾ ਹੈ ਕੇਵਲ ਤਾਂ ਹੀ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਅਜਿਹੇ ਅਧਿਆਪਕ ਦੀ ਥਾਂ ਤੇ ਬੋਰਡ ਨੂੰ ਪਹਿਲਾਂ ਭੇਜੀ ਲਿਸਟ ਵਿਚੋਂ ਅਗਲੇ ਸੀਰੀਅਲ ਨੰਬਰ ਦੇ ਅਧਿਆਪਕ ਨੂੰ ਸੈਂਟਰ ਸੁਪਰਡੰਟ ਦੀ ਡਿਊਟੀ ਲਗਾਉਣ ਹਿੱਤ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕੰਨਫਰਮੇਸ਼ਨ ਵੀ ਕਰਵਾਈ ਜਾਵੇਗੀ। ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਅਧਿਕਾਰ ਹੋਵੇਗਾ ਕਿ ਉਹ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਭੇਜੇ ਬਦਲਵੇਂ ਸੈਂਟਰ ਸੁਪਰਡੰਟ ਦੀ ਥਾਂ ਤੇ ਕਿਸੇ ਹੋਰ ਦਾ ਨਾਮ ਵੀ ਉਸੇ ਲਿਸਟ ਵਿਚੋਂ ਪ੍ਰਵਾਨ ਕਰਕੇ ਭੇਜ ਸਕਦੇ ਹਨ ।

3. ਇਸੇ ਤਰ੍ਹਾਂ ਜੇਕਰ ਡਿਊਟੀ ਤੇ ਲਗਾਇਆ ਗਿਆ ਕੋਈ ਅਧਿਆਪਕ ਛੁੱਟੀ ਤੇ ਹੈ ਤਾਂ ਉਸ ਦੀ ਛੁੱਟੀ ਤੁਰੰਤ ਰੱਦ ਕਰਕੇ ਉਸ ਨੂੰ ਡਿਊਟੀ ਤੇ ਜੁਆਇੰਨ ਕਰਾਇਆ ਜਾਵੇ।

4. ਸਾਰੇ ਸੈਂਟਰਾਂ ਵਿੱਚ ਪ੍ਰੀਖਿਆਵਾਂ ਕੇਵਲ ਗਰਾਊਂਡ ਫਲੋਰ ਜਾਂ ਪਹਿਲੀ ਫਲੋਰ ਤੇ ਹੀ ਕਰਵਾਈਆਂ ਜਾਣਗੀਆਂ। ਦੂਜੀ ਮੰਜ਼ਿਲ ਤੇ ਕੋਈ ਵੀ ਪ੍ਰੀਖਿਆ ਕੇਂਦਰ ਨਾ ਬਣਾਇਆ ਜਾਵੇ।

5. ਪ੍ਰੀਖਿਆ ਕੇਂਦਰ ਦੇ ਮੁੱਖ ਗੇਟ ਤੇ ਜਿੰਦਰਾ ਨਹੀਂ ਲਗਾਇਆ ਜਾਵੇਗਾ ਤਾਂ ਜੋ ਪ੍ਰੀਖਿਆਵਾਂ ਨੂੰ ਚੈਕ ਕਰਨ ਵਾਲਾ ਅਮਲਾ ਬੇਰੋਕ ਟੋਕ ਇਹਨਾਂ ਸੈਂਟਰਾਂ ਵਿੱਚ ਜਾ ਸਕੇ ਪਰ ਨਾਲ ਦੀ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਕੋਈ ਵੀ ਅਣਅਧਿਕਾਰਤ ਵਿਅਕਤੀ ਪ੍ਰੀਖਿਆ ਕੇਂਦਰ ਵਿੱਚ ਦਾਖਲ ਨਾ ਹੋਵੇ।

6. ਇਹਨਾਂ ਪ੍ਰੀਖਿਆਵਾਂ ਕੇਂਦਰਾਂ ਦੇ ਆਸੇ ਪਾਸੇ ਸੀ.ਆਰ.ਪੀ.ਸੀ ਦੀ ਧਾਰਾ 144 ਲਗਾਉਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਹਿਲਾਂ ਹੀ ਸਮੂਹ ਡਿਪਟੀ ਕਮਿਸ਼ਨਰ ਨੂੰ ਲਿਖਿਆ ਜਾ ਚੁੱਕਾ ਹੈ। ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ(ਅੰਮ੍ਰਿਤਸਰ,ਜਲੰਧਰ, ਲੁਧਿਆਣਾ ਸ਼ਹਿਰਾਂ ਵਿੱਚ ਪੁਲਿਸ

ਕਮਿਸਨਰ) ਨੂੰ ਮਿਲਕੇ ਪ੍ਰੀਖਿਆ ਕੇਂਦਰਾਂ ਦੁਆਲੇ ਸੀ.ਆਰ.ਪੀ.ਸੀ.ਦੀ ਧਾਰਾ 144 ਲਗਾਉਣ ਲਈ ਸੰਪਰਕ ਕੀਤਾ ਜਾਵੇ।

7. ਸਕੂਲ ਪ੍ਰੀਖਿਆ ਕੰਟਰੋਲਰ(ਸਬੰਧਤ ਸਕੂਲ ਦਾ ਮੁੱਖੀ) ਕੇਂਦਰ ਦੇ ਅੰਦਰ(ਐਗਜ਼ੈਮੀਨੇਸ਼ਨ ਹਾਲ)ਵਿੱਚ ਕੋਈ ਦਾਖਲਅੰਦਾਜ਼ੀ ਨਹੀਂ ਕਰੇਗਾ। ਪ੍ਰੀਖਿਆ ਕੇਂਦਰ ਦੇ ਅੰਦਰ ਸੰਚਾਲਨ ਦੀ ਜ਼ਿੰਮੇਵਾਰੀ ਸੈਂਟਰ ਸੁਪਰਡੰਟ ਦੀ ਰਹੇਗੀ ਜਦੋਂ ਕਿ ਪ੍ਰੀਖਿਆ ਕੇਂਦਰ ਤੋਂ ਬਾਹਰ ਸਕੂਲ ਦੇ ਮਾਹੌਲ ਨੂੰ ਨਕਲ ਰਹਿਤ ਰੱਖਣ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਪ੍ਰੀਖਿਆ ਕੰਟਰੋਲਰ ਦੀ ਹੋਵੇਗੀ। ਵਰਨਣਯੋਗ ਹੈ ਕਿ ਕਈ ਬਾਰ ਪ੍ਰਿੰਸੀਪਲ ਦੁਆਰਾ ਆਪਣੇ ਨੁਮਾਇੰਦੇ ਨੂੰ ਕੰਟਰੋਲਰ ਦੀ ਡਿਊਟੀ ਨਿਭਾਉਣ ਲਈ ਕਹਿ ਦਿੱਤਾ ਜਾਦਾ ਹੈ ਜੋ ਕਿ ਵਿਭਾਗ ਦੇ ਹੁਕਮਾਂ ਦੇ ਖਿਲਾਫ ਹੋਵੇਗਾ । ਜੇਕਰ ਕਿਸੇ ਕਾਰਨ ਵੱਸ ਸਕੂਲ ਮੁੱਖੀ ਪ੍ਰੀਖਿਆ ਕੰਟਰੋਲਰ ਦੀ ਡਿਊਟੀ ਨਿਭਾਉਣ ਤੋਂ ਅਸਮਰੱਥ ਹੋ ਜਾਂਦਾ ਹੈ ਤਾਂ ਉਹ ਸਕੂਲ ਵਿਚੋਂ ਹੀ ਸਕੂਲ ਦੇ ਸੀਨੀਅਰ ਮੋਸਟ ਅਧਿਆਪਕ/ਲੈਕਚਰਾਰ ਨੂੰ ਇਹ ਡਿਊਟੀ ਲਿਖਤੀ ਰੂਪ ਵਿੱਚ ਸੌਂਪੇਗਾ। ਪ੍ਰੀਖਿਆ ਕੰਟਰੋਲਰ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਪ੍ਰੀਖਿਆ ਦੇਣ ਆਏ ਬੱਚਿਆਂ ਦੇ ਮਾਪੇ ਸਕੂਲ ਦੀ ਹਦੂਦ ਦੇ ਨਜ਼ਦੀਕ ਜਾਂ ਅੰਦਰ ਨਹੀਂ ਆਉਣਗੇ।

8. ਇਸ ਤਰ੍ਹਾਂ ਸਬੰਧਤ ਸਕੂਲ ਦਾ ਕਲਰਕ ਜੋ ਸਹਾਇਕ ਸੁਪਰਡੰਟ ਦਾ ਕੰਮ ਕਰਦਾ ਹੈ ਉਹ ਕੇਂਦਰ ਦੇ ਦਫਤਰੀ ਕਮਰੇ ਵਿੱਚ ਹੀ ਆਪਣੀ ਸੀਟ ਤੇ ਹੀ ਬੈਠਕੇ ਕੰਮ ਕਰੇਗਾ ਅਤੇ ਉਹ ਪ੍ਰੀਖਿਆ ਕੇਂਦਰ ਦੇ ਕਿਸੇ ਵੀ ਕਮਰੇ ਵਿੱਚ ਨਹੀਂ ਜਾਵੇਗਾ ।

9. ਸਕੂਲ ਪ੍ਰੀਖਿਆ ਕੰਟਰੋਲਰ ਇਹ ਯਕੀਨੀ ਬਣਾਉਣ ਕਿ ਪ੍ਰੀਖਿਆਰਥੀਆਂ ਦੇ ਟੁਆਲਿਟ ਅਤੇ ਪਾਣੀ ਪੀਣ ਦੇ ਸਥਾਨ ਤੇ ਕਿਸੇ ਕਿਸਮ ਦੀ ਨਕਲ ਸਮੱਗਰੀ ਨਾ ਹੋਵੇ । ਕੋਈ ਵੀ ਦਰਜਾਚਾਰ ਕਰਮਚਾਰੀ ਪ੍ਰੀਖਿਆ ਦੇ ਕਮਰਿਆਂ ਵਿੱਚ ਪਾਣੀ ਲੈ ਕੇ ਨਹੀਂ ਘੁੰਮੇਗਾ। ਇਹ ਜ਼ਿੰਮੇਵਾਰੀ ਨਿਰੋਲ ਪ੍ਰੀਖਿਆ ਕੰਟਰੋਲਰ ਦੀ ਹੋਵੇਗੀ। ਜੇਕਰ ਕਿਸੇ ਟੀਮ ਵੱਲੋਂ ਜਾਂ ਸੈਂਟਰ ਸੁਪਰਡੰਟ ਵੱਲੋਂ ਅਜਿਹੀਆਂ ਥਾਵਾਂ ਤੇ ਨਕਲ ਸਮੱਗਰੀ ਪਾਈ ਗਈ ਤਾਂ ਤੁਰੰਤ ਅਜਿਹੇ ਪ੍ਰੀਖਿਆ ਕੰਟਰੋਲਰ ਦੇ ਖਿਲਾਫ ਫੌਜਦਾਰੀ ਅਤੇ ਵਿਭਾਗੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।

10. ਜੇਕਰ ਸੈਂਟਰ ਸਪੁਰਡੰਟ ਇਹ ਮਹਿਸੂਸ ਕਰਦਾ ਹੈ ਕਿ ਉਸ ਤੇ ਨਕਲ ਕਰਵਾਉਣ ਲਈ ਬਾਹਰੀ ਦਬਾਅ ਪਾਇਆ ਜਾ ਰਿਹਾ ਹੈ ਜਾਂ ਸਕੂਲ ਦੀ ਪ੍ਰੀਖਿਆ ਦਾ ਮਾਹੌਲ ਉਸ ਦੇ ਕੰਟਰੋਲ ਤੋਂ ਬਾਹਰ ਹੋ ਰਿਹਾ ਹੈ ਤਾਂ ਉਹ ਅਜਿਹੀ ਪ੍ਰੀਖਿਆ ਨੂੰ ਰੱਦ ਕਰਨ ਲਈ ਤੁਰੰਤ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਸਿਫਾਰਸ਼ ਭੇਜੇਗਾ ਅਤੇ ਜ਼ਿਲ੍ਹਾ ਕੰਟਰੋਲ ਰੂਮ ਤੇ ਇਸ ਸਬੰਧੀ ਸੂਚਿਤ ਕਰੇਗਾ।

11. ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿ/ਐ.ਸਿ ਇਹਨਾਂ ਪ੍ਰੀਖਿਆਵਾਂ ਦੌਰਾਨ ਨਕਲ ਪੱਖੋਂ ਸੰਵੇਦਨਸ਼ੀਲ ਸੈਂਟਰਾਂ ਦਾ ਲਗਾਤਾਰ ਦੌਰਾ ਕਰਨਗੇ ਅਤੇ ਜਿਥੇ ਵੀ ਕਿਤੇ ਨਕਲ ਹੋਣ ਦਾ ਪਤਾ ਲਗਦਾ ਹੈ ਉਥੇ ਤੁਰੰਤ ਪੇਪਰ ਰੱਦ ਕਰਨ ਲਈ ਬੋਰਡ ਨੂੰ ਫੈਕਸ ਰਾਹੀਂ ਸੂਚਿਤ ਕਰਨਗੇ।

12. ਜ਼ਿਲ੍ਹੇ ਦੇ ਨਕਲ ਪੱਖੋਂ ਸੰਵੇਦਨਸ਼ੀਲ ਸੈਂਟਰਾਂ ਦੀ ਸੂਚੀ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਵੱਲੋਂ ਸਮੂਹ ਡਿਪਟੀ ਕਮਿਸਨਰ ਅਤੇ ਇਲਾਕੇ ਦੇ ਐਸ.ਡੀ.ਐਮ ਨੂੰ ਸੌਂਪੀ ਜਾਵੇਗੀ ਅਤੇ ਬੇਨਤੀ ਕੀਤੀ ਜਾਵੇਗੀ ਕਿ ਇਹਨਾਂ ਸੰਵੇਦਨਸ਼ੀਲ ਸੈਂਟਰਾਂ ਤੇ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਆਪਣੇ ਨਿਗਰਾਨ ਨਿਯੁਕਤ ਕੀਤੇ ਜਾਣ।

13. ਉਕਤ ਦੱਸੀ ਸੂਚੀ ਦੀ ਇਕ ਕਾਪੀ ਸਮੂਹ ਜ਼ਿਲ੍ਹਾ ਪੁਲਿਸ ਮੁੱਖੀਆਂ ਨੂੰ ਦਿੱਤੀ ਜਾਵੇਗੀ ਅਤੇ ਬੇਨਤੀ ਕੀਤੀ ਜਾਵੇ ਕਿ ਇਹਨਾਂ ਸੈਂਟਰਾਂ ਤੇ ਪੁਲਿਸ ਦਾ ਖਾਸ ਤੌਰ ਤੇ ਪ੍ਰਬੰਧ ਕੀਤਾ ਜਾਵੇ ।

14. ਇਹਨਾਂ ਪ੍ਰੀਖਿਆਵਾਂ ਦੌਰਾਨ ਸਿੱਖਿਆ ਵਿਭਾਗ ਪੰਜਾਬ ਸਰਕਾਰ ਜਾਂ ਕਿਸੇ ਵੀ ਪ੍ਰਾਇਵੇਟ ਸਕੂਲ ਦਾ ਕੋਈ ਵੀ ਅਧਿਆਪਕ ਜਾਂ ਕਰਮਚਾਰੀ ਜੇਕਰ ਨਕਲ ਕਰਵਾਉਂਦਾ ਹੈ ਜਾਂ ਨਕਲ ਕਰਾਉਣ ਲਈ ਮੱਦਦ ਕਰਦਾ ਪਾਇਆ ਜਾਦਾ ਹੈ ਤਾਂ ਅਜਿਹੇ ਅਧਿਆਪਕ/ਕਰਮਚਾਰੀ ਵਿਰੁੱਧ ਤੁਰੰਤ ਐਕਸ਼ਨ ਲੈਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦੇ ਦਫਤਰ ਨੂੰ ਲਿਖਿਆ ਜਾਵੇਗਾ । ਇਸ ਦੇ ਨਾਲ ਹੀ ਜੇਕਰ ਇਸ ਸਬੰਧੀ ਕੋਈ ਸੀਰੀਅਸ ਕੇਸ ਸਾਹਮਣੇ ਆਉਂਦਾ ਹੈ ਤਾਂ ਸਬੰਧਤ ਮੁਲਾਜਮ ਖਿਲਾਫ ਪੁਲਿਸ ਵਿੱਚ ਐਫ.ਆਈ.ਆਰ ਦਰਜ ਕਰਵਾਉਣ ਤੋਂ ਗੁਰੇਜ਼ ਨਾ ਕੀਤਾ ਜਾਵੇ ।

15. ਬੋਰਡ ਵੱਲੋਂ ਪ੍ਰਾਪਤ ਹੋਏ ਪ੍ਰਸ਼ਨ ਪੱਤਰਾਂ ਦੀ ਸੁਰੱਖਿਆ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਵੱਲੋਂ ਯਕੀਨੀ ਬਣਾਈ ਜਾਵੇਗੀ ਤਾਂ ਜੋ ਪ੍ਰੀਖਿਆ ਕੇਂਦਰ ਵਿੱਚ ਇਹ ਪ੍ਰਸ਼ਨ ਪੱਤਰ ਸੁਰੱਖਿਅਤ ਪਹੁੰਚ ਸਕਣ।

16. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿ/ਐ.ਸਿ, ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵੱਲੋਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਣਾਈ ਫਲਾਇੰਗ ਸੁਕੇਡ ਟੀਮਾਂ ਨੂੰ ਸਹਿਯੋਗ ਦੇਣਗੇ। ਜਿਥੇ ਕਿਤੇ ਵੀ ਫਲਾਇੰਗ ਸੁਕੇਡ ਟੀਮ ਨੂੰ ਕੋਈ ਔਕੜ ਆਵੇ ਤਾਂ ਜ਼ਿਲ੍ਹੇ ਦਾ ਡੀ.ਈ.ਓ ਸੈ.ਸਿ/ਐ.ਸਿ ਇਸ ਔਕੜ ਨੂੰ ਤੁਰੰਤ ਦੂਰ ਕਰਨ ਲਈ ਕਾਰਵਾਈ ਕਰਨਗੇ ।

17. ਜਿਸ ਦਿਨ ਕਿਸੇ ਸੈਂਟਰ ਵਿੱਚ ਪ੍ਰੀਖਿਆ ਨਹੀਂ ਹੋ ਰਹੀ ਹੋਵੇ ਤਾਂ ਉਸ ਸੈਂਟਰ ਨਾਲ ਸਬੰਧਤ ਸਮੂਹ ਪ੍ਰੀਖਿਆ ਅਮਲਾ ਆਪਣੇ ਪਿਤਰੀ ਸਕੂਲ ਵਿੱਚ ਹਾਜ਼ਰ ਹੋਵੇਗਾ ਅਤੇ ਸਕੂਲ ਦੇ ਹਾਜ਼ਰੀ ਰਜਿਸਟਰ ਵਿੱਚ ਹਾਜ਼ਰੀ ਲਗਾਏਗਾ। ਇਸ ਤਰ੍ਹਾਂ ਜਦੋਂ ਕਿਸੇ ਸੈਂਟਰ ਵਿੱਚ ਕਿਸੇ ਪ੍ਰੀਖਿਆ ਵਾਲੇ ਦਿਨ ਬੱਚਿਆਂ ਦੀ ਗਿਣਤੀ ਘੱਟ ਹੋਵੇ ਤਾਂ ਸੈਂਟਰ ਸੁਪਰਡੈਂਟ ਵੱਲੋਂ ਜਿਹੜੇ ਨਿਗਰਾਨ ਸਟਾਫ ਨੂੰ ਡਿਊਟੀ ਤੋਂ ਫਾਰਗ ਕੀਤਾ ਜਾਵੇਗਾ ਤਾਂ ਇਹ ਨਿਗਰਾਨ ਸਟਾਫ ਆਪਣੇ ਪਿਤਰੀ ਸਕੂਲ ਵਿੱਚ ਹਾਜ਼ਰ ਹੋਵੇਗਾ। ਸੈਂਟਰ ਸੁਪਰਡੈਂਟ ਇਹ ਯਕੀਨੀ ਬਣਾਉਣਗੇ ਕਿ ਜਿਹੜੀ ਮਿਤੀਆਂ ਨੂੰ ਪ੍ਰੀਖਿਆਂ ਸਟਾਫ ਵੱਲੋਂ ਪੇਪਰਾਂ ਵਿੱਚ ਡਿਊਟੀ ਦਿੱਤੀ ਗਈ ਹੈ ਕੇਵਲ ਉਹਨਾਂ ਦਿਨਾਂ ਦੀ ਹੀ ਮਿਤੀਵਾਰ ਹਾਜ਼ਰੀ ਰਿਪੋਰਟ ਦਿੱਤੀ ਜਾਵੇ।

18. ਜ਼ਿਲ੍ਹੇ ਦੇ ਐਸ.ਐਸ.ਏ ਦਫਤਰ ਵਿੱਚ ਇਹਨਾ ਪ੍ਰੀਖਿਆਵਾਂ ਦੌਰਾਨ ਕੰਟਰੋਲਰ ਰੂਮ ਸਥਾਪਿਤ ਕੀਤਾ ਜਾਵੇਗਾ। ਜਿਥੇ ਡੀ.ਈ.ਓ(ਸੈ.ਸਿ) ਵੱਲੋਂ ਕਿਸੇ ਡੀ.ਆਰ.ਪੀ ਨੂੰ ਬਤੌਰ ਕੰਟਰੋਲ ਰੂਮ ਮੈਨੇਜਰ ਨਿਯੁਕਤ ਕੀਤਾ ਜਾਵੇਗਾ

ਅਤੇ ਇਹਨਾਂ ਪ੍ਰੀਖਿਆਵਾਂ ਨਾਲ ਸਬੰਧਤ ਅਮਲਾ ਜ਼ਿਲ੍ਹਾ ਪੱਧਰ ਤੇ ਇਹਨਾਂ ਨਾਲ ਆਪਣਾ ਰਾਬਤਾ ਰੱਖੇਗਾ। ਇਸ ਕੰਟਰੋਲ ਰੂਮ ਦਾ ਟੈਲੀਫੋਨ ਨੰਬਰ ਲੋਕਲ ਪੱਧਰ ਤੇ ਅਖਬਾਰਾਂ ਵਿੱਚ ਦਿੱਤਾ ਜਾਵੇ ਤਾਂ ਜੋ ਪ੍ਰੀਖਿਆ ਅਮਲਾ,ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਹੋਰ ਪਬਲਿਕ ਵੱਲੋਂ ਪ੍ਰੀਖਿਆਵਾਂ ਵਿੱਚ ਨਕਲ ਸਬੰਧੀ ਸੂਚਨਾ ਜਾਂ ਇਸ ਸਬੰਧੀ ਕੋਈ ਹੋਰ ਜਾਣਕਾਰੀ ਇਸ ਕੰਟਰੋਲ ਰੂਮ ਵਿੱਚ ਦਿੱਤੀ ਜਾ ਸਕੇ। ਇਹ ਕੰਟਰੋਲ ਰੂਮ ਮੈਨੇਜਰ ਤੁਰੰਤ ਜਾਣਕਾਰੀ ਉੱਚ ਅਧਿਕਾਰੀਆਂ ਨੂੰ ਦੇਵੇਗਾ।

19. ਪ੍ਰੀਖਿਆਵਾਂ ਸਬੰਧੀ ਕੰਮ ਦੀ ਨਿਗਰਾਨੀ ਸਬੰਧੀ ਤਾਲਮੇਲ ਲਈ ਡੀ.ਜੀ.ਐਸ.ਈ ਦਫਤਰ ਵਿੱਚ ਸ੍ਰੀ ਬਲਵਿੰਦਰ ਸਿੰਘ ਏ.ਐਸ.ਪੀ.ਡੀ ਕੋਆਰਡੀਨੇਸ਼ਨ(9914840601)ਦੀ ਡਿਊਟੀ ਲਗਾਈ ਗਈ ਹੈ ਜਿਸ ਨਾਲ ਉਕਤ ਹਦਾਇਤਾਂ ਸਬੰਧੀ ਕਿਸੇ ਸਮੇਂ ਵੀ ਰਾਬਤਾ ਕੀਤਾ ਜਾ ਸਕਦਾ ਹੈ।

ਉਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: 003782 — 003788 ਮਿਤੀ,ਚੰਡੀਗੜ੍ਹ: 19.02.2013

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ / ਸਿੱਖਿਆ ਮੰਤਰੀ ਨੂੰ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਜਾਣਕਾਰੀ ਹਿੱਤ।
2. ਨਿੱਜੀ ਸਕੱਤਰ/ ਸਕੱਤਰ ਸਕੂਲ ਸਿੱਖਿਆ ਨੂੰ ਸਕੱਤਰ ਸਿੱਖਿਆ ਜੀ ਦੀ ਜਾਣਕਾਰੀ ਹਿੱਤ।
3. ਚੇਅਰਪਰਸਨ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਜਾਣਕਾਰੀ ਅਤੇ ਜ਼ਰੂਰੀ ਕਾਰਵਾਈ ਹਿੱਤ।
4. ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ ਨੂੰ ਇਸ ਬੇਨਤੀ ਨਾਲ ਕਿ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਤੋਂ ਨਕਲ ਪੱਖੋਂ ਸੰਵੇਦਨਸ਼ੀਲ ਕੇਂਦਰਾਂ ਦੀ ਲਿਸਟ ਲਈ ਜਾਵੇ ਅਤੇ ਇਹਨਾ ਕੇਂਦਰਾਂ ਤੇ ਜ਼ਿਲ੍ਹਾ ਪ੍ਰਸ਼ਾਸ਼ਨ ਦੀ ਤਰਫੋਂ ਗਜ਼ਟਿਡ ਰੈਂਕ ਦੇ ਅਫਸਰ ਦੀ ਬਤੌਰ ਅਵਜਰਵਰ ਡਿਊਟੀ ਲਗਾਈ ਜਾਵੇ ਅਤੇ ਇਹ ਡਿਊਟੀ ਖਾਸ ਕਰਕੇ ਗਣਿਤ, ਸਾਇੰਸ, ਅੰਗਰੇਜੀ, ਪੰਜਾਬੀ ਅਤੇ ਸਮਾਜਿਕ ਵਿਗਿਆਨ ਦੇ ਪੇਪਰਾਂ ਦੇ ਦਿਨਾਂ ਵਿੱਚ ਜ਼ਰੂਰ ਲਗਾਈ ਜਾਵੇ ।
5. ਸਮੂਹ ਐਸ.ਡੀ.ਐਮ ਪੰਜਾਬ ਰਾਜ ਨੂੰ ਇਸ ਬੇਨਤੀ ਨਾਲ ਇਹਨਾਂ ਦਿਨਾਂ ਵਿੱਚ ਸਬ ਡਵੀਜਨ ਅਧੀਨ ਪੈਂਦੇ ਸੰਵੇਦਨਸ਼ੀਲ ਸੈਂਟਰਾਂ ਦੀ ਡੀ.ਈ.ਓ(ਸੈ.ਸਿ) ਤੋਂ ਲਿਸਟ ਲੈ ਕੇ ਸਬ ਡਵੀਜਨ ਵਿੱਚ ਪੈਂਦੇ ਸਮੂਹ ਮੈਜਿਸਟਰੇਟ ਸਾਹਿਬਾਨ ਅਤੇ ਹੋਰ ਅਧਿਕਾਰੀਆਂ ਦੀ ਚੈਕਿੰਗ ਲਈ ਡਿਊਟੀ ਲਗਾਕੇ ਨਕਲ ਰੋਕਣ ਦੇ ਕਾਰਗਰ ਉਪਰਾਲੇ ਕੀਤੇ ਜਾਣ ਅਤੇ ਖੁਦ ਵੀ ਆਪਣੇ ਪੱਧਰ ਤੇ ਸੈਂਟਰ ਚੈਕ ਕੀਤੇ ਜਾਣ। ਜੇਕਰ ਕਿਸੇ ਕੇਂਦਰ ਵਿੱਚ ਨਕਲ ਦਾ ਪਤਾ ਲਗਦਾ ਹੈ ਤਾਂ ਉਸ ਕੇਂਦਰ ਦੀ ਪ੍ਰੀਖਿਆ ਨੂੰ ਰੱਦ ਕਰਨ ਲਈ ਤੁਰੰਤ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਇਸ ਦਫਤਰ ਨੂੰ ਲਿਖਿਆ ਜਾਵੇ ।

6. ਡੀ.ਪੀ.ਆਈ(ਸੈ.ਸਿ) ਪੰਜਾਬ ਨੂੰ ਜਾਣਕਾਰੀ ਹਿੱਤ।

7. ਡੀ.ਪੀ.ਆਈ(ਐ.ਸਿ) ਪੰਜਾਬ ਨੂੰ ਜਾਣਕਾਰੀ ਹਿੱਤ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ